# Official Spokesperson's response to a media query regarding reports of vandalism, defacement and destruction of Buddhist archaeological sites in Pakistan occupied Jammu and Kashmir

June 03, 2020

# ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਪੁਰਾਤੱਤਵ ਬੋਧੀ ਸਥਾਨਾਂ ਦੀ ਭੰਨਤੋੜ ਕਰਨ, ਉਨ੍ਹਾਂ ਨੂੰ ਵਿਗਾੜਨ ਅਤੇ ਵਿਨਾਸ਼ ਕਰਨ ਦੀਆਂ ਖਬਰਾਂ ਬਾਰੇ ਮੀਡੀਆ ਦੇ ਇੱਕ  ਸਵਾਲ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

ਜੂਨ 03, 2020

ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਪੁਰਾਤੱਤਵਕ ਬੋਧੀ ਸਥਾਨਾਂ ਦੀ ਭੰਨਤੋੜ ਕਰਨ, ਵਿਗਾੜਨ ਅਤੇ ਵਿਨਾਸ਼ ਕਰਨ ਦੀਆਂ ਖਬਰਾਂ ਬਾਰੇ ਮੀਡੀਆ ਦੇ ਇੱਕ  ਸਵਾਲ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ,

"ਅਸੀਂ ਪਾਕਿਸਤਾਨ ਦੇ ਨਾਜਾਇਜ਼ ਅਤੇ ਜ਼ਬਰਨ ਕਬਜ਼ੇ ਹੇਠ ਭਾਰਤੀ ਖੇਤਰ ਦੇ ਅਖੌਤੀ "ਗਿਲਗਿਟ-ਬਾਲਟਿਸਤਾਨ" ਇਲਾਕੇ ਅੰਦਰ ਸਥਿਤ ਅਨਮੋਲ ਭਾਰਤੀ ਬੋਧੀ ਵਿਰਾਸਤ ਦੀ ਭੰਨਤੋੜ, ਵਿਗਾੜ ਅਤੇ ਵਿਨਾਸ਼ ਦੀਆਂ ਰਿਪੋਰਟਾਂ ਉੱਤੇ ਆਪਣੀ ਸਖ਼ਤ ਚਿੰਤਾ ਜ਼ਾਹਰ ਕੀਤੀ ਹੈ।

ਇਹ ਗੰਭੀਰ ਚਿੰਤਾ ਦੀ ਗੱਲ ਹੈ ਕਿ ਬੋਧੀ ਪ੍ਰਤੀਕਾਂ ਦਾ ਨਾਸ਼ ਕੀਤਾ ਜਾ ਰਿਹਾ ਹੈ ਅਤੇ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ ਹੇਠ ਭਾਰਤੀ ਇਲਾਕਿਆਂ ਅੰਦਰ ਧਾਰਮਿਕ ਅਤੇ ਸਭਿਆਚਾਰਕ ਅਧਿਕਾਰਾਂ ਅਤੇ ਅਜ਼ਾਦੀ ਨੂੰ ਸਰੇਆਮ ਕੁਚਲਿਆ ਜਾ ਰਿਹਾ ਹੈ। ਪ੍ਰਾਚੀਨ ਸਭਿਅਕ ਅਤੇ ਸਭਿਆਚਾਰਕ ਵਿਰਾਸਤ ਪ੍ਰਤੀ ਨਫ਼ਰਤ ਦਰਸਾਉਂਦੀਆਂ ਅਜਿਹੀਆਂ ਮਾੜੀਆਂ ਗਤੀਵਿਧੀਆਂ ਅਤੀ ਨਿੰਦਣਯੋਗ ਹਨ।

ਇਸ ਅਨਮੋਲ ਪੁਰਾਤੱਤਵਕ ਵਿਰਾਸਤ ਦੀ ਮੁੜ ਬਹਾਲੀ ਅਤੇ ਇਸਦੀ ਸੁਰੱਖਿਅਤ ਸਾਂਭ ਸੰਭਾਲ ਕਰਨ ਲਈ ਅਸੀਂ ਆਪਣੇ ਮਾਹਿਰਾਂ ਨੂੰ ਇਸ ਖੇਤਰ ਵਿੱਚ ਤੁਰੰਤ ਪਹੁੰਚ ਮੁਹਈਆ ਕਰਾਏ ਜਾਣ ਦੀ ਮੰਗ ਕੀਤੀ ਹੈ।

ਅਸੀਂ ਇੱਕ ਵਾਰ ਫਿਰ ਪਾਕਿਸਤਾਨ ਨੂੰ ਇਸਦੇ ਗ਼ੈਰਕਾਨੂੰਨੀ ਕਬਜ਼ੇ ਹੇਠ ਸਾਰੇ ਇਲਾਕੇ ਤੁਰੰਤ ਖਾਲੀ ਕਰਨ ਅਤੇ ਉਥੇ ਰਹਿ ਰਹੇ ਲੋਕਾਂ ਦੇ ਸਿਆਸੀ, ਆਰਥਿਕ ਅਤੇ ਸਭਿਆਚਾਰਕ ਅਧਿਕਾਰਾਂ ਦੀ ਘੋਰ ਉਲੰਘਣਾ ਨੂੰ ਖਤਮ ਕਰਨ ਦੀ ਮੰਗ ਕੀਤੀ ਹੈ।

ਨਵੀਂ ਦਿੱਲੀ

**3 ਜੂਨ, 2020**

DISCLAIMER: This is an approximate translation. The original is available in English on MEA's website and may be referred to as the official press release.